بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡد

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصاراللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)


# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਬੇ-ਮਿਸਾਲ ਸ਼ੁਕਰ ਗੁਜ਼ਾਰੀ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 17 ਜੁਲਾਈ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਅੱਲਾਹ ਤਆਲਾ ਨੇ ਇਨਸਾਨ ਨੂੰ ਪੈਦਾ ਕੀਤਾ ਤਾਂ ਉਸ ਤੋਂ ਪਹਿਲਾਂ ਉਸ ਦੇ ਫ਼ਾਇਦੇ ਦੇ ਲਈ ਬੇ-ਸ਼ੁਮਾਰ **ਨਿਅਮਤਾਂ** ਪੈਦਾ ਕੀਤੀਆਂ। ਅੱਲਾਹ ਤਆਲਾ ਦਾ ਇਹ ਫ਼ਜ਼ਲ ਯਕੀਨਨ ਇਸ ਗੱਲ ਦਾ ਤਕਾਜ਼ਾ ਕਰਦਾ ਹੈ ਕਿ ਬੰਦਾ ਉਸ ਦਾ ਸ਼ੁਕਰ ਅਦਾ ਕਰੇ। ਹਰ ਨਬੀ ਨੇ ਆਪਣੇ ਮੰਨਣ ਵਾਲਿਆਂ ਨੂੰ ਇਹ ਨਸੀਹਤ ਕੀਤੀ ਹੈ ਕਿ ਅੱਲਾਹ ਤਆਲਾ ਦੇ ਸ਼ੁਕਰ ਗੁਜ਼ਾਰ ਬੰਦੇ ਬਣੋ। ਸਭ ਤੋਂ ਵਧ ਕੇ ਸ਼ੁਕਰ ਗੁਜ਼ਾਰੀ ਦਾ ਨਮੂਨਾ ਸਾਡੇ ਆਕ਼ਾ ਹਜ਼ਰਤ ਅਕ਼ਦਸ ਮੁਹੱਮਦ ਮੁਸਤਫ਼ਾ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਦਿਖਾਇਆ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਇਸੇ **ਉਸਵੇ**, **ਦੁਆਵਾਂ** ਅਤੇ **ਤਰੀਕ਼ੇ** ਦਾ ਅੱਜ ਜ਼ਿਕਰ ਕਰਾਂਗਾ। ਇੱਕ ਰਿਵਾਇਤ ਵਿੱਚ ਆਉਂਦਾ ਹੈ ਕਿ ਆਪ ﷺ ਨੇ ਫ਼ਰਮਾਇਆ ਕਿ ਇਮਾਨ ਦੋ ਹਿੱਸਿਆਂ ‘ਤੇ ਅਧਾਰਿਤ ਹੈ। ਅੱਧਾ **ਸਬਰ** ਉੱਤੇ ਅਤੇ ਅੱਧਾ **ਸ਼ੁਕਰ** ਉੱਤੇ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਜੇਕਰ ਦੇਖਿਆ ਜਾਵੇ ਤਾਂ ਸਬਰ ਵੀ ਸ਼ੁਕਰ ਦਾ ਹੀ ਇੱਕ ਪਹਿਲੂ ਹੈ। ਫਿਰ ਨਬੀ ਕਰੀਮ ﷺ ਨੇ ਫ਼ਰਮਾਇਆ ਕਿ ਮੋਮਿਨ ਦਾ ਮਾਮਲਾ ਸਰਾਸਰ ਭਲਾਈ ਦਾ ਹੈ ਅਤੇ ਇਹ ਮੋਮਿਨ ਦੇ ਇਲਾਵਾ ਕਿਸੇ ਹੋਰ ਦੇ ਲਈ ਨਹੀਂ ਹੈ। ਜੇਕਰ ਉਸ ਨੂੰ ਕੋਈ **ਖ਼ੁਸ਼ੀ** ਪਹੁੰਚਦੀ ਹੈ ਤਾਂ ਉਹ ਸ਼ੁਕਰ ਕਰਦਾ ਹੈ। ਅਤੇ ਇਹ ਉਸ ਦੇ ਲਈ ਭਲਾਈ ਹੈ ਅਤੇ ਜੇਕਰ ਉਸ ਨੂੰ ਕੋਈ **ਤਕਲੀਫ਼** ਪਹੁੰਚਦੀ ਹੈ ਤਾਂ ਉਹ ਸਬਰ ਕਰਦਾ ਹੈ, ਇਹ ਵੀ ਉਸ ਦੇ ਲਈ ਭਲਾਈ ਹੈ।

ਨਬੀ ਕਰੀਮ ﷺ ਨੇ ਫ਼ਰਮਾਇਆ ਕਿ ਜਿਹੜਾ ਲੋਕਾਂ ਦਾ ਸ਼ੁਕਰ ਅਦਾ ਨਹੀਂ ਕਰਦਾ ਉਹ ਖ਼ੁਦਾ ਦਾ ਵੀ ਸ਼ੁਕਰ ਅਦਾ ਨਹੀਂ ਕਰਦਾ। ਅੱਲਾਹ ਤਆਲਾ ਦੀ ਸ਼ੁਕਰ ਗੁਜ਼ਾਰੀ ਦੇ ਨਾਲ ਬੰਦਿਆਂ ਦੀ ਸ਼ੁਕਰ ਗੁਜ਼ਾਰੀ ਦਾ ਵੀ ਆਪ ﷺ ਨੇ ਇਰਸ਼ਾਦ ਫ਼ਰਮਾਇਆ ਹੈ। ਜੇਕਰ ਇਸ ‘ਤੇ ਅਮਲ ਹੋਵੇ ਤਾਂ **ਹਕ਼ੀਕ਼ੀ ਇਸਲਾਮੀ ਸਮਾਜ** ਕ਼ਾਇਮ ਹੋ ਸਕਦਾ ਹੈ।

ਹਜ਼ਰਤ ਨੁਅਮਾਨ ਬਿਨ ਬਸ਼ੀਰ ਰਜ਼ਿ ਅੱਲਾਹੁ ਅਨਹੁ ਤੋਂ ਰਿਵਾਇਤ ਹੈ ਕਿ ਨਬੀ ਕਰੀਮ ﷺ ਨੇ ਫ਼ਰਮਾਇਆ ਕਿ ਜਿਹੜਾ ਥੋੜੇ ‘ਤੇ ਸ਼ੁਕਰ ਅਦਾ ਨਹੀਂ ਕਰਦਾ ਉਹ ਜ਼ਿਆਦਾ ‘ਤੇ ਵੀ ਸ਼ੁਕਰ ਨਹੀਂ ਕਰਦਾ। ਅੱਲਾਹ ਤਆਲਾ ਦੀਆਂ ਨਿਅਮਤਾਂ ਦਾ ਜ਼ਿਕਰ ਕਰਨਾ ਵੀ ਸ਼ੁਕਰ ਹੈ। ਫ਼ਰਮਾਇਆ ਜਮਾਅਤ ਰਹਿਮਤ ਹੈ ਅਤੇ ਪਾੜ/ਫੁੱਟ ਅਜ਼ਾਬ ਹੈ।

ਹਜ਼ਰਤ ਉਸਾਮਾ ਬਿਨ ਜ਼ੈਦ ਰਜ਼ਿ ਅੱਲਾਹੁ ਅਨਹੁ ਨੇ ਬਿਆਨ ਕੀਤਾ ਕਿ ਨਬੀ ਕਰੀਮ ﷺ ਨੇ ਫ਼ਰਮਾਇਆ ਕਿ ਜਿਸ ਨਾਲ ਕੋਈ ਨੇਕੀ ਕੀਤੀ ਗਈ ਅਤੇ ਉਸ ਨੇ ਉਸ ਦੇ ਕਰਨ ਵਾਲੇ ਨੂੰ ਕਿਹਾ ਜਜ਼ਾਕੱਲਾਹਿ ਖ਼ੈਰਨ (جزاك الله خیرًا) ਤਾਂ ਉਸ ਨੇ ਤਾਰੀਫ਼ ਦਾ ਹੱਕ ਅਦਾ ਕਰ ਦਿੱਤਾ। ਫ਼ਰਮਾਇਆ ਕਿ ਜਦ ਅੱਲਾਹ ਤਆਲਾ ਕਿਸੇ ਕ਼ੌਮ ਨੂੰ ਖ਼ੈਰ ਅਤੇ ਬਰਕਤ

ਅਤਾ ਕਰਨਾ ਚਾਹੁੰਦਾ ਹੈ ਤਾਂ ਉਨ੍ਹਾਂ ਦੀਆਂ ਉਮਰਾਂ ਵਧਾ ਦਿੰਦਾ ਹੈ ਅਤੇ ਉਨ੍ਹਾਂ ਨੂੰ ਸ਼ੁਕਰ ਇਲਹਾਮ ਕਰਦਾ ਹੈ ਯਾਨੀ ਸ਼ੁਕਰ ਅਦਾ ਕਰਨ ਦੀ ਤੌਫ਼ੀਕ਼ ਦਿੰਦਾ ਹੈ।

ਨਬੀ ਕਰੀਮ ﷺ ਨੇ ਹਜ਼ਰਤ ਮਆਜ਼ ਬਿਨ ਜਬਲ ਰਜ਼ਿ ਅੱਲਾਹੁ ਅਨਹੁ ਦਾ ਹੱਥ ਪਕੜਿਆ ਅਤੇ ਫ਼ਰਮਾਇਆ ਕਿ ਐ ਮਆਜ਼! ਬ-ਖ਼ੁਦਾ ਮੈਂ ਤੇਰੇ ਨਾਲ਼ **ਮੁਹੱਬਤ** ਕਰਦਾ ਹਾਂ। ਮੈਂ ਤੈਨੂੰ ਤਾਕ਼ੀਦ ਕਰਦਾ ਹਾਂ ਕਿ ਤੂੰ ਹਰ ਨਮਾਜ਼ ਦੇ ਬਾਅਦ ਹਰਗਿਜ਼ ਨਾ ਛੱਡਣਾ ਕਿ ਤੂੰ ਕਹਿ ਕਿ ਐ ਅੱਲਾਹ! ਮੇਰੀ ਮਦਦ ਫ਼ਰਮਾ ਆਪਣੇ **ਜ਼ਿਕਰ** ਦੇ ਲਈ, ਆਪਣੇ **ਸ਼ੁਕਰ** ਦੇ ਲਈ ਅਤੇ ਆਪਣੀ **ਇਬਾਦਤ** ਦੀ ਖ਼ੂਬਸੂਰਤੀ ਦੇ ਲਈ।

ਇੱਕ ਰਿਵਾਇਤ ਵਿੱਚ ਹੈ ਕਿ ਆਪ ﷺ ਨੇ ਸਹਾਬਾ ਨੂੰ ਇਹ ਦੁਆ ਸਿਖਾਈ ਕਿ ਐ ਅੱਲਾਹ ਮੈਂ ਹਰ ਅਮਲ ਵਿੱਚ ਤੇਰੇ ਕੋਲੋਂ ਮਜ਼ਬੂਤੀ ਤਲਬ ਕਰਦਾ ਹਾਂ ਅਤੇ ਤੇਰੇ ਕੋਲੋਂ ਹਿਦਾਇਤ ਦੀ **ਪੁਖ਼ਤਗੀ** ਮੰਗਦਾ ਹਾਂ ਅਤੇ ਤੇਰੇ ਕੋਲੋਂ ਤੇਰੀ ਨਿਅਮਤ ਦਾ **ਸ਼ੁਕਰ** ਮੰਗਦਾ ਹਾਂ ਅਤੇ ਤੇਰੀ ਇਬਾਦਤ ਦਾ **ਹੁਸਨ** ਅਤੇ ਤੇਰੇ ਕੋਲੋਂ ਸੱਚ ਬੋਲਣ ਵਾਲ਼ੀ **ਜ਼ੁਬਾਨ** ਮੰਗਦਾ ਹਾਂ ਅਤੇ ਇੱਕ ਨੇਕ **ਦਿਲ**। ਮੈਂ ਤੇਰੀ ਪਨਾਹ ਚਾਹੁੰਦਾ ਹਾਂ ਉਸ ਸ਼ਰ ਤੋਂ ਜਿਹੜਾ ਤੂੰ ਜਾਣਦਾ ਹੈ ਅਤੇ ਉਸ ਖ਼ੈਰ ਤੋਂ ਜਿਹੜੀ ਤੂੰ ਜਾਣਦਾ ਹੈ ਅਤੇ ਤੇਰੇ ਤੋਂ ਬਖ਼ਸ਼ਿਸ਼ ਮੰਗਦਾ ਹਾਂ।

ਨਬੀ ਕਰੀਮ ﷺ ਕੋਲੋਂ ਸਵਾਲ ਕੀਤਾ ਗਿਆ ਕਿ ਨਮਾਜ਼ ਵਿੱਚ ਕਰਨ ਦੇ ਲਈ ਕਿਹੜੀ ਦੁਆ ਸਭ ਤੋਂ ਬਿਹਤਰ ਹੈ? ਆਪ ﷺ ਨੇ ਫ਼ਰਮਾਇਆ: ਐ ਅੱਲਾਹ ਤਮਾਮ ਤਾਰੀਫ਼ਾਂ ਤੇਰੇ ਲਈ ਹਨ ਅਤੇ ਸਾਰਾ **ਸ਼ੁਕਰ** ਤੇਰੇ ਲਈ ਹੈ ਅਤੇ ਸਾਰੀ **ਬਾਦਸ਼ਾਹੀ** ਤੇਰੇ ਲਈ ਹੈ ਅਤੇ ਸਾਰੀ **ਮਖ਼ਲੂਕ਼** ਤੇਰੀ ਹੈ ਅਤੇ ਹਰ ਮਾਮਲਾ ਤੇਰੇ ਵੱਲ ਪਰਤਣ ਵਾਲ਼ਾ ਹੈ। ਅਸੀਂ ਤੇਰੇ ਕੋਲੋਂ ਹਰ ਤਰ੍ਹਾਂ ਦੀ ਭਲਾਈ ਮੰਗਦੇ ਹਾਂ ਅਤੇ ਹਰ ਬੁਰਾਈ ਤੋਂ ਤੇਰੀ ਪਨਾਹ ਚਾਹੁੰਦੇ ਹਾਂ।

ਫਿਰ ਆਪ ﷺ ਦੀ ਇੱਕ ਦੁਆ ਇਵੇਂ ਮਿਲ਼ਦੀ ਹੈ ਕਿ ਐ ਮੇਰੇ ਰੱਬ! ਮੇਰੀ **ਮਦਦ** ਕਰ ਅਤੇ ਮੇਰੇ ਖ਼ਿਲਾਫ਼ ਕਿਸੇ ਦੀ ਮਦਦ ਨਾ ਕਰ ਅਤੇ ਮੇਰੀ **ਨੁਸਰਤ** ਫ਼ਰਮਾ ਅਤੇ ਮੇਰੇ ਖ਼ਿਲਾਫ਼ ਕਿਸੇ ਦੀ ਨੁਸਰਤ ਨਾ ਫ਼ਰਮਾ ਅਤੇ ਮੇਰੇ ਲਈ **ਤਦਬੀਰ** ਕਰ ਅਤੇ ਮੇਰੇ ਖ਼ਿਲਾਫ਼ ਤਦਬੀਰ ਨਾ ਕਰ ਅਤੇ ਮੈਨੂੰ **ਹਿਦਾਇਤ** ਦੇ ਅਤੇ ਮੇਰੇ ਲਈ ਮੇਰੀ ਹਿਦਾਇਤ ਆਸਾਨ ਕਰਦੇ ਅਤੇ ਮੇਰੀ ਮਦਦ ਕਰ ਉਸ ਦੇ ਖ਼ਿਲਾਫ਼ ਜਿਸ ਨੇ ਮੇਰੇ 'ਤੇ ਜ਼ਿਆਦਤੀ ਕੀਤੀ ਹੈ। ਐ ਅੱਲਾਹ! ਮੈਨੂੰ ਆਪਣਾ **ਸ਼ੁਕਰ** ਗੁਜ਼ਾਰ ਬਣਾ, ਆਪਣਾ **ਜ਼ਿਕਰ** ਕਰਨ ਵਾਲ਼ਾ ,ਤੇਰੇ ਤੋਂ **ਡਰਨ** ਵਾਲ਼ਾ, ਤੇਰਾ **ਆਗਿਆਕਾਰ**, ਤੇਰੀ ਬਹੁਤ **ਅਤਾਅਤ** (ਆਗਿਆਕਾਰੀ) ਕਰਨ ਵਾਲ਼ਾ, ਤੇਰੇ ਵੱਲ ਬਹੁਤ ਜ਼ਿਆਦਾ **ਝੁਕਣ** ਵਾਲ਼ਾ। ਐ ਮੇਰੇ ਰੱਬ! ਮੇਰੀ **ਤੌਬਾ** ਕ਼ਬੂਲ ਕਰ ਅਤੇ ਮੇਰੀ **ਦੁਆ** ਕ਼ਬੂਲ ਫ਼ਰਮਾ ਅਤੇ ਮੇਰੀ **ਹੁੱਜਤ** ਕ਼ਬੂਲ ਕਰ ਅਤੇ ਮੇਰੇ ਦਿਲ ਨੂੰ **ਹਿਦਾਇਤ** ਦੇ ਅਤੇ ਮੇਰੀ ਜ਼ੁਬਾਨ ਨੂੰ **ਸਿੱਧਾ** ਕਰ ਅਤੇ ਮੇਰੇ ਦਿਲ 'ਚੋਂ **ਈਰਖਾ** ਦੂਰ ਕਰਦੇ।

ਫਿਰ ਇੱਕ ਹੋਰ ਦੁਆ ਹੈ ਕਿ ਐ ਅੱਲਾਹ! ਮੈਨੂੰ ਅਜਿਹਾ ਬਣਾ ਦੇ ਕਿ ਮੈਂ ਤੇਰਾ ਬਹੁਤ ਜ਼ਿਆਦਾ ਸ਼ੁਕਰ ਕਰਾਂ ਅਤੇ ਕਸਰਤ ਨਾਲ਼ ਤੇਰਾ ਜ਼ਿਕਰ ਕਰਾਂ ਅਤੇ ਤੇਰੀ ਨਸੀਹਤ ਦੀ ਪੈਰਵੀ ਕਰਾਂ ਅਤੇ ਤੇਰੇ ਤਾਕ਼ੀਦੀ ਹੁਕਮਾਂ ਨੂੰ ਯਾਦ ਰੱਖਾਂ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹ ਦੁਆ ਇਨਸਾਨ ਰੋਜ਼ ਕਰੇ ਤਾਂ ਗ਼ਲਤ ਕ਼ਿਸਮ ਦੇ ਖ਼ਿਆਲਾਤ ਵੀ ਪੈਦਾ ਨਹੀਂ ਹੋਣਗੇ ਗ਼ਲਤ ਕ਼ਿਸਮ ਦੇ ਕੰਮ ਵੀ ਇਨਸਾਨ ਨਹੀਂ ਕਰੇਗਾ।

ਨਬੀ ਕਰੀਮ ﷺ ਅਤੇ ਆਪ ﷺ ਦੇ ਸਹਾਬਾ ਕਰਾਮ **ਮੀਂਹ** ਦੇ ਪਹਿਲੇ **ਕ਼ਤਰੇ** ਨੂੰ ਆਪਣੇ **ਸਿਰਾਂ** 'ਤੇ ਲੈਂਦੇ ਅਤੇ ਆਪ ﷺ ਫ਼ਰਮਾਉਂਦੇ ਕਿ ਇਹ ਸਾਡੇ ਬੁਲੰਦ ਅਤੇ ਉੱਚੇ ਰੱਬ ਦੇ ਵੱਲੋਂ ਤਾਜ਼ਾ ਨਿਅਮਤ ਆਈ ਹੈ। ਇਸ ਤਰ੍ਹਾਂ **ਮੀਂਹ** 'ਤੇ ਸ਼ੁਕਰ ਕਰਦੇ।

ਬੈਤੁਲ ਖ਼ਲਾ (ਸ਼ੌਚਾਲੇ) ਵਿੱਚੋਂ ਬਾਹਰ ਤਸ਼ਰੀਫ਼ ਲਿਆਉਂਦੇ ਤਾਂ ਆਪ ﷺ ਇਹ ਦੁਆ ਕਰਦੇ ਕਿ ਤਮਾਮ ਤਾਰੀਫ਼ਾਂ ਉਸ ਅੱਲਾਹ ਦੇ ਲਈ ਹਨ ਜਿਸ ਨੇ ਨੁਕ਼ਸਾਨ ਦਿਹ ਚੀਜ਼ ਮੇਰੇ ਤੋਂ ਦੂਰ ਕਰ ਦਿੱਤੀ ਅਤੇ ਮੈਨੂੰ **ਤੰਦਰੁਸਤੀ** ਅਤਾ ਕੀਤੀ।

ਜਦ ਰਾਤ ਨੂੰ ਆਪਣੇ ਬਿਸਤਰੇ 'ਤੇ ਲੇਟਦੇ ਤਾਂ ਇਹ ਦੁਆ ਕਰਦੇ ਕਿ ਐ ਅੱਲਾਹ! ਤੇਰੇ ਨਾਮ ਨਾਲ਼ ਹੀ **ਮਰਦਾ** ਅਤੇ **ਜਿਉਂਦਾ** ਹਾਂ। ਜਦ ਆਪ ﷺ ਜਾਗਦੇ ਤਾਂ ਇਹ ਦੁਆ ਕਰਦੇ ਕਿ ਸਭ **ਹਮਦ** ਅੱਲਾਹ ਦੇ ਲਈ ਹੈ ਜਿਸ ਨੇ ਸਾਨੂੰ ਜਿਉਂਦਾ ਕੀਤਾ ਬਾਅਦ ਇਸ ਦੇ ਕਿ ਸਾਨੂੰ ਮਾਰਿਆ ਅਤੇ ਉਸੇ ਦੇ ਵੱਲ ਅਸੀਂ ਪਰਤ ਕੇ ਜਾਣਾ ਹੈ।

ਆਪ ﷺ **ਖਾਣਾ** ਖਾਣ ਲੱਗਦੇ ਤਾਂ ਅੱਲਾਹ ਤਆਲਾ ਦਾ ਸ਼ੁਕਰ ਕਰਦੇ, ਨਵਾਂ **ਕੱਪੜਾ** ਪਹਿਨਦੇ ਤਾਂ ਅੱਲਾਹ ਤਆਲਾ ਦਾ ਸ਼ੁਕਰ ਕਰਦੇ ਭਾਵ ਕੋਈ ਮੌਕਾ ਅਜਿਹਾ ਨਹੀਂ ਸੀ ਜਦ ਆਪ ﷺ ਅੱਲਾਹ ਤਆਲਾ ਦਾ ਸ਼ੁਕਰ ਅਦਾ ਨਹੀਂ ਕਰਦੇ ਸਨ ਅਤੇ ਹਮਦ ਅਤੇ ਸਨਾਅ ਬਿਆਨ ਨਾ ਕਰਦੇ ਸਨ।

ਨਬੀ ਕਰੀਮ ﷺ ਦੇ ਸਾਹਮਣੇ ਇੱਕ ਸ਼ਖ਼ਸ ਆਇਆ ਜਿਸ ਦੇ **ਵਾਲ਼** ਖਿੱਲਰੇ ਹੋਏ ਸਨ। ਆਪ ﷺ ਨੇ ਫ਼ਰਮਾਇਆ ਕਿ ਕੀ ਇਸ ਦੇ ਕੋਲ਼ ਕੋਈ ਚੀਜ਼ ਨਹੀਂ ਹੈ ਜਿਸ ਨਾਲ਼ ਆਪਣੇ ਵਾਲ਼ਾਂ ਨੂੰ ਦਰੁਸਤ ਕਰੇ। ਇੱਕ ਦੂਸਰੇ ਆਦਮੀ ਨੂੰ ਦੇਖਿਆ ਜਿਹੜਾ ਮੈਲ਼ੇ **ਕੱਪੜੇ** ਪਹਿਨੇ ਹੋਏ ਸੀ। ਆਪ ﷺ ਨੇ ਫ਼ਰਮਾਇਆ ਕਿ ਇਸ ਕੋਲ਼ ਪਾਣੀ ਨਹੀਂ ਹੈ ਜਿਸ ਨਾਲ਼ ਆਪਣੇ ਕੱਪੜੇ ਧੋ ਲਵੇ।

ਆਪ ﷺ ਨੇ ਫ਼ਰਮਾਇਆ ਜੱਨਤ ਵਿੱਚ ਉਹ ਸ਼ਖ਼ਸ ਦਾਖ਼ਿਲ ਨਹੀਂ ਹੋਵੇਗਾ ਜਿਸ ਦੇ ਦਿਲ ਵਿੱਚ ਰਤਾ ਬਰਾਬਰ ਵੀ **ਹਉਮੈ** (ਤਕੱਬੁਰ) ਹੈ। ਇੱਕ ਆਦਮੀ ਨੇ ਕਿਹਾ ਕਿ ਇਨਸਾਨ ਪਸੰਦ ਕਰਦਾ ਹੈ ਕਿ ਉਸ ਦਾ **ਲਿਬਾਸ** ਚੰਗਾ ਹੋਵੇ, ਉਸ ਦੀ **ਜੁੱਤੀ** ਚੰਗੀ ਹੋਵੇ। ਆਪ ﷺ ਨੇ ਫ਼ਰਮਾਇਆ ਕਿ ਅੱਲਾਹ ਖ਼ੂਬਸੂਰਤ ਹੈ ਅਤੇ ਖ਼ੂਬਸੂਰਤੀ ਨੂੰ ਪਸੰਦ ਕਰਦਾ ਹੈ, ਇਸ ਵਿੱਚ ਕੋਈ ਸ਼ੱਕ ਨਹੀਂ। ਹਉਮੈ ਇਹ ਹੈ ਕਿ ਆਪਣੇ ਆਪ ਨੂੰ ਵੱਡਾ ਸਮਝਣ ਦੀ ਵਜ੍ਹਾ ਨਾਲ਼ ਹੱਕ਼ ਦਾ ਇਨਕਾਰ ਕਰੇ ਅਤੇ ਲੋਕਾਂ ਨੂੰ ਹੀਣਾ ਜਾਣੇ।

**ਜੰਗਿ ਬਦਰ** ਦੇ ਮੌਕ਼ੇ 'ਤੇ ਕਾਫ਼ਿਰਾਂ ਦੀ ਹਲਾਕਤ ਅਤੇ ਖ਼ੁਦਾ ਤਆਲਾ ਵੱਲੋਂ ਮਿਲਣ ਵਾਲੀ ਫ਼ਤਿਹ 'ਤੇ ਆਪ ﷺ ਨੇ ਅੱਲਾਹ ਤਆਲਾ ਦਾ ਸ਼ੁਕਰ ਅਦਾ ਕੀਤਾ। ਇਸੇ ਤਰ੍ਹਾਂ ਫ਼ਤਿਹ ਮੱਕਾ ਦੇ ਮੌਕ਼ੇ 'ਤੇ ਆਪ ﷺ ਦੀ ਸ਼ੁਕਰ ਗੁਜ਼ਾਰੀ ਦੀਆਂ ਦੁਆਵਾਂ ਦਾ ਜ਼ਿਕਰ ਮਿਲ਼ਦਾ ਹੈ। ਇਸ ਮੌਕ਼ੇ 'ਤੇ ਆਪ ﷺ ਨੇ ਹਜ਼ਰਤ ਉੱਮਿ ਹਾਨੀ ਰਜ਼ਿ ਅੱਲਾਹੁ ਅਨਹਾ ਦੇ ਘਰ ਅੱਠ ਰਕਅਤਾਂ ਚਾਸ਼ਤ ਦੀ ਨਮਾਜ਼ ਅਦਾ ਕੀਤੀ।

**ਹੱਜਤੁਲ੍ ਵਿਦਾਅ** ਦੇ ਮੌਕ਼ੇ 'ਤੇ ਆਪ ﷺ ਦੀ ਇੱਕ ਦੁਆ ਦਾ ਜ਼ਿਕਰ ਇਵੇਂ ਮਿਲ਼ਦਾ ਹੈ ਕਿ ਅੱਲਾਹ ਦੇ ਸਿਵਾ ਕੋਈ ਇਬਾਦਤ ਦੇ ਲਾਇਕ਼ ਨਹੀਂ, ਉਹ **ਇੱਕ** ਹੈ ,ਉਸ ਦਾ ਕੋਈ **ਸ਼ਰੀਕ** ਨਹੀਂ, **ਬਾਦਸ਼ਾਹਤ** ਉਸ ਦੀ ਹੈ, ਉਸੇ ਦੀ **ਤਾਰੀਫ਼** ਹੈ, ਉਹ ਹਰ ਚੀਜ਼ 'ਤੇ **ਕ਼ਾਦਿਰ** ਹੈ। ਅੱਲਾਹ ਦੇ ਸਿਵਾ ਕੋਈ ਇਬਾਦਤ ਦੇ ਲਾਇਕ਼ ਨਹੀਂ, ਉਸ ਨੇ ਆਪਣਾ ਵਾਅਦਾ ਪੂਰਾ ਕੀਤਾ ਅਤੇ ਆਪਣੇ ਬੰਦਿਆਂ ਦੀ ਮਦਦ ਕੀਤੀ ਅਤੇ ਲਸ਼ਕਰ ਨੂੰ ਇਕੱਲਿਆਂ ਹਰਾ ਦਿੱਤਾ।

ਨਬੀ ਕਰੀਮ ﷺ ਨੇ ਫ਼ਰਮਾਇਆ ਕਿ ਦੋ ਖ਼ਸਲਤਾਂ ਅਜਿਹੀਆਂ ਹਨ ਕਿ ਜਿਸ ਵਿੱਚ ਉਹ ਪਾਈਆਂ ਜਾਣ ਅੱਲਾਹ ਤਆਲਾ ਉਸ ਨੂੰ **ਸਾਬਿਰ** (ਸਬਰ ਕਰਨ ਵਾਲ਼ਾ) ਅਤੇ **ਸ਼ਾਕਿਰ** (ਸ਼ੁਕਰ ਕਰਨ ਵਾਲ਼ਾ) ਲਿਖ ਦਿੰਦਾ ਹੈ। ਪਹਿਲੀ ਇਹ ਕਿ ਜਿਹੜਾ ਸ਼ਖ਼ਸ ਆਪਣੇ ਦੀਨ ਦੇ ਮਾਮਲੇ ਵਿੱਚ ਉਸ ਦੇ ਵੱਲ ਦੇਖੇ ਜਿਹੜਾ ਉਸ ਤੋਂ ਬੁਲੰਦ ਹੋਵੇ ਅਤੇ ਉਸ ਦੀ ਪੈਰਵੀ ਕਰੇ ਅਤੇ ਦੂਸਰੀ ਇਹ ਕਿ ਜਿਹੜਾ ਆਪਣੀ ਦੁਨੀਆ ਦੇ ਮਾਮਲੇ ਵਿੱਚ ਉਸ ਦੇ ਵੱਲ ਦੇਖੇ ਜਿਹੜਾ ਉਸ ਤੋਂ ਘੱਟ ਹੋਵੇ ਅਤੇ ਫਿਰ ਅੱਲਾਹ ਤਆਲਾ ਦੀ ਹਮਦ ਕਰੇ।

ਆਪ ﷺ ਨੇ ਫ਼ਰਮਾਇਆ ਉਸ ਦੇ ਵੱਲ ਦੇਖੋ ਜਿਹੜਾ ਤੁਹਾਡੇ ਤੋਂ ਨੀਵਾਂ ਹੈ ਅਤੇ ਉਸ ਦੇ ਵੱਲ ਨਾ ਦੇਖੋ ਜਿਹੜਾ ਤੁਹਾਡੇ ਤੋਂ ਉੱਪਰ ਹੈ। ਇਹ ਇਸ ਗੱਲ ਦੇ ਜ਼ਿਆਦਾ ਕ਼ਰੀਬ ਹੈ ਕਿ ਤੁਸੀਂ ਅੱਲਾਹ ਦੀ ਨਿਅਮਤ ਦੀ ਬੇ-ਇੱਜ਼ਤੀ ਨਾ ਕਰੋ।

ਆਪ ﷺ ਨੇ ਫ਼ਰਮਾਇਆ ਚਾਰ ਚੀਜ਼ਾਂ ਅਜਿਹੀਆਂ ਹਨ ਜਿਸ ਨੂੰ ਇਹ ਅਤਾ ਕਰ ਦਿੱਤੀਆਂ ਗਈਆਂ ਉਸ ਨੂੰ ਦੁਨੀਆ ਅਤੇ ਆਖ਼ਿਰਤ ਦੀ ਭਲਾਈ ਅਤਾ ਕਰ ਦਿੱਤੀ ਗਈ। ਸ਼ੁਕਰ ਗੁਜ਼ਾਰ **ਦਿਲ**, ਜ਼ਿਕਰਿ ਇਲਾਹੀ ਕਰਨ ਵਾਲੀ **ਜ਼ੁਬਾਨ**, ਆਜ਼ਮਾਇਸ਼ ਦੇ ਵੇਲ਼ੇ ਸਬਰ ਕਰਨ ਵਾਲ਼ਾ **ਬਦਨ** ਅਤੇ ਅਜਿਹੀ **ਬੀਵੀ** ਜਿਹੜੀ ਨਾ ਆਪਣੀ ਇਸਮਤ ਅਤੇ ਇੱਫ਼ਤ (ਪਵਿੱਤਰਤਾ ਅਤੇ ਪਾਕਦਾਮਨੀ) ਦੇ ਮਾਮਲੇ ਵਿੱਚ ਅਤੇ ਨਾ ਸ਼ੌਹਰ ਦੇ ਮਾਮਲੇ ਵਿੱਚ ਉਸ ਨਾਲ਼ **ਖ਼ਿਆਨਤ** ਕਰੇ।

ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਬਿਆਨ ਕਰਦੇ ਹਨ ਕਿ ਨਬੀ ਕਰੀਮ ﷺ ਆਪਣੇ ਸਾਰੇ ਵੇਲ਼ਿਆਂ ਵਿੱਚ ਜ਼ਿਕਰਿ ਇਲਾਹੀ ਕਰਦੇ ਸਨ। ਨਬੀ ਕਰੀਮ ﷺ ਨੇ ਆਪਣੀ ਉੱਮਤ ਦੇ ਸਾਹਮਣੇ ਆਪਣੇ ਸ਼ੁਕਰ ਗੁਜ਼ਾਰੀ ਦੇ ਉੱਚੇ ਤਰੀਨ ਨਮੂਨੇ ਕ਼ਾਇਮ ਕੀਤੇ ਅਤੇ ਸਾਨੂੰ ਸ਼ੁਕਰ ਗੁਜ਼ਾਰੀ ਦੀ ਨਸੀਹਤ ਫ਼ਰਮਾਈ।

ਖ਼ੁਤਬੇ ਦੇ ਆਖ਼ਿਰ 'ਤੇ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅਗਲੇ ਜੁਮਏ ਤੋਂ ਇਨਸ਼ਾ ਅੱਲਾਹ ਤਆਲਾ ਜਮਾਅਤ ਅਹਮਦਿੱਯਾ **ਬਰਤਾਨੀਆ** (UK) ਦਾ ਜਲਸਾ ਸਲਾਨਾ ਵੀ ਸ਼ੁਰੂ ਹੋ ਰਿਹਾ ਹੈ। ਦੁਆ ਕਰੋ ਕਿ ਅੱਲਾਹ

ਤਆਲਾ ਉਸ ਨੂੰ ਹਰ ਲਿਹਾਜ਼ ਨਾਲ **ਬਾ-ਬਰਕਤ** ਫ਼ਰਮਾਵੇ। ਹਰ ਤਰ੍ਹਾਂ ਆਪਣੀ ਸੁਰੱਖਿਆ ਅਤੇ ਅਮਨ ਵਿੱਚ ਰੱਖੇ। ਮੌਸਮ ਦੀ **ਸ਼ਿੱਦਤ**, ਗਰਮੀ ਦੀ ਵਜ੍ਹਾ ਨਾਲ ਕੁੱਝ ਖ਼ਤਰੇ ਵੀ ਹਨ। ਅੱਲਾਹ ਤਆਲਾ ਹਰ ਤਰ੍ਹਾਂ ਆਪਣੀ ਸੁਰੱਖਿਆ ਅਤੇ ਅਮਨ ਵਿੱਚ ਰੱਖੇ। ਡਿਊਟੀ ਦੇਣ ਵਾਲੇ **ਕਾਰਕੁਨਾਨ** ਜਿਨ੍ਹਾਂ ਨੂੰ ਕਈ ਵਾਰ ਗਰਮੀ ਵਿੱਚ ਖੜੇ ਹੋ ਕੇ ਡਿਊਟੀ ਦੇਣੀ ਪੈਂਦੀ ਹੈ, ਸਖ਼ਤ ਡਿਊਟੀਆਂ ਵੀ ਹੁੰਦੀਆਂ ਹਨ, ਅੱਲਾਹ ਤਆਲਾ ਉਨ੍ਹਾਂ ਨੂੰ ਵੀ ਅਹਸਨ ਰੰਗ ਵਿੱਚ ਆਪਣੇ ਫ਼ਰਜ਼ ਅਦਾ ਕਰਨ ਦੀ ਤੌਫ਼ੀਕ਼ ਅਤਾ ਫ਼ਰਮਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞